Washington State Department of Agriculture

# PRODUCE SAFETY PROGRAM

# ਉਪਜ ਦੇ ਨਿਰੀਖਣ ਵਿੱਚ ਕੀ ਉਮੀਦ ਕੀਤੀ ਜਾ ਸਕਦੀ ਹੈ

## ਵਾਸ਼ਿੰਗਟਨ ਦੇ ਫਾਰਮਾਂ ਲਈ ਇੱਕ ਗਾਈਡ

Produce Safety Program (ਉਪਜ ਸੁਰੱਖਿਆ ਪ੍ਰੋਗਰਾਮ), Food Safety Modernization Act (FSMA, ਫੂਡ ਸੇਫਟੀ ਮਾਡਰਨਾਈਜ਼ੇਸ਼ਨ ਐਕਟ) ਦੇ Produce Safety Rule (ਉਪਜ ਸੁਰੱਖਿਆ ਨਿਯਮ) ਬਾਰੇ ਜਾਗਰੂਕ ਕਰਨ ਅਤੇ ਉਸਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹੈ। ਸਾਡਾ ਫਾਰਮ ਨਿਰੀਖਣ ਪ੍ਰੋਗਰਾਮ ਭੋਜਨ ਦੀ ਸੁਰੱਖਿਆ ਨੂੰ ਉਤਸ਼ਾਹਤ ਕਰਨ ਅਤੇ ਤਾਜ਼ਾ ਫਸਲ ਨਾਲ ਸੰਬੰਧਿਤ ਭੋਜਨ ਕਾਰਨ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਵੱਲ ਧਿਆਨ ਦਿੰਦਾ ਹੈ।

ਰੁਟੀਨ ਨਿਰੀਖਣ ਦੀ ਸ਼ੁਰੂਆਤ 2019 ਦੀ ਬਸੰਤ ਵਿੱਚ ਹੋਈ ਸੀ। ਨਿਰੀਖਣ ਦੌਰਾਨ, ਨਿਰੀਖਕ ਆਪਣੀ ਜਾਂਚ ਨੂੰ ਰਿਕਾਰਡ ਕਰਦੇ ਹਨ ਅਤੇ ਜੇ ਉਹਨਾਂ ਨੂੰ ਕੋਈ ਅਜਿਹੀ ਸਥਿਤੀ ਦਿਖਾਈ ਦਿੰਦੀ ਹੈ ਜੋ ਜਨਤਕ ਸਿਹਤ ਲਈ ਜੋਖਮ ਪੈਦਾ ਕਰ ਸਕਦੀਆਂ ਹਨ, ਤਾਂ ਉਸਨੂੰ ਹੱਲ ਕਰਨ ਲਈ ਸੁਧਾਰਾਤਮਕ ਕਾਰਜ ਕਰਨਗੇ।

ਨਿਰੀਖਣ ਅਲੱਗ ਚੀਜ਼ ਹੈ ਅਤੇ ਇਹ ਉਸ ਆਡਿਟ ਤੋਂ ਵੱਖਰਾ ਹੈ ਜੋ ਮਾਰਕੀਟਿੰਗ ਸਮੂਹਾਂ ਜਾਂ ਖਰੀਦਦਾਰਾਂ ਦੇ ਕਹੇ 'ਤੇ ਕਰਵਾਇਆ ਜਾਂਦਾ ਹੈ। ਨਿਰੀਖਣ ਕਰਵਾਉਣਾ ਲਾਜ਼ਮੀ ਹੁੰਦਾ ਹੈ ਅਤੇ ਇਹ ਪ੍ਰੋਗਰਾਮ ਬਿਨਾਂ ਕਿਸੇ ਫੀਸ ਦੇ ਪ੍ਰਦਾਨ ਕੀਤਾ ਜਾਂਦਾ ਹੈ ਕਿਉਂਕਿ ਇਸਨੂੰ 100% ਫੰਡ ਫੈਡਰਲ ਸਰਕਾਰ ਵੱਲੋਂ ਮਿਲਦਾ ਹੈ।

ਜੇ ਤੁਹਾਨੂੰ ਆਪਣੇ ਨਿਰੀਖਣ ਤੋਂ ਪਹਿਲਾਂ ਤਕਨੀਕੀ ਸਹਾਇਤਾ ਚਾਹੀਦੀ ਹੈ ਜਾਂ ਆਪਣੇ ਫਾਰਮ ਦੀ ਕਵਰੇਜ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ producesafety@agr.wa.gov 'ਤੇ ਸਾਡੇ ਨਾਲ ਸੰਪਰਕ ਕਰੋ।

## ਸ਼ੁਰੂਆਤੀ ਸੰਪਰਕ

ਫਸਲ ਦੀ ਕਿਸਮ, ਸਥਾਨ, ਨਿਯਮਾਂ ਦੀ ਪਾਲਣਾ ਦਾ ਇਤਿਹਾਸ, ਅਕਾਰ ਅਤੇ ਫਾਰਮ ਦੀ ਸਮੁੱਚੀ ਤਿਆਰੀ ਦੇ ਅਧਾਰ 'ਤੇ ਨਿਰੀਖਣ ਨੂੰ ਪਹਿਲ ਦਿੱਤੀ ਜਾਂਦੀ ਹੈ।

ਜਦੋਂ ਤੁਹਾਡੇ ਫਾਰਮ ਦੇ ਨਿਰੀਖਣ ਨੂੰ ਤਹਿ ਕਰਨ ਦਾ ਸਮਾਂ ਆਵੇਗਾ ਤਾਂ Washington State Department of Agriculture (WSDA, ਵਾਸ਼ਿੰਗਟਨ ਸਟੇਟ ਡਿਪਾਰਟਮੈਂਟ ਆਫ਼ ਐਗਰੀਕਲਚਰ) Produce Safety Program ਦਾ ਸਟਾਫ਼ ਤੁਹਾਡੇ ਨਾਲ ਸੰਪਰਕ ਕਰੇਗਾ। ਇਹ ਗੱਲ ਧਿਆਨ ਵਿੱਚ ਰੱਖੋ ਕਿ ਸਾਰੇ ਨਿਰੀਖਣ ਫਸਲ ਦੀ ਬਿਜਾਈ, ਵਾਢੀ, ਪੈਕਿੰਗ ਅਤੇ/ਜਾਂ ਹੋਲਡਿੰਗ ਦੀਆਂ ਗਤੀਵਿਧੀਆਂ ਦੌਰਾਨ ਹੋਣੇ ਲਾਜ਼ਮੀ ਹਨ। ਉਹ ਨਿਰੀਖਣ ਦੇ ਲਈ ਵਾਜਬ ਸਮਾਂ ਤੈਅ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ।

***ਸੁਝਾਅ:*** ***ਕਵਰ ਕੀਤੇ ਗਏ ਹਰੇਕ ਫਾਰਮ ਵਿੱਚੋਂ ਇੱਕ ਵਿਅਕਤੀ ਨੂੰ Food and Drug Administration (FDA, ਫੂਡ ਐਂਡ ਡਰੱਗ ਐਡਮਨਿਸਟਰੇਸ਼ਨ) ਵੱਲੋਂ ਮਾਨਤਾ ਪਰ੍ਾਪਤ Produce Safety Alliance (PSA, ਪਰੋਡਿਊਸ ਸੇਫਟੀ ਅਲਾਇੰਸ) Grower Training (ਗਰੋਵਰ ਟਰੇਨਿੰਗ) ਜਾਂ ਬਰਾਬਰ ਦੀ ਟਰੇਨਿੰਗ ਸਫਲਤਾਪੂਰਵਕ ਪੂਰੀ ਕਰਨੀ ਚਾਹੀਦੀ ਹੈ।***

## ਰੁਟੀਨ ਉਪਜ ਨਿਰੀਖਣ

ਤੁਹਾਡੇ ਤੈਅ ਕੀਤੇ ਨਿਰੀਖਣ ਦੇ ਦਿਨ, WSDA ਨਿਰੀਖਕ ਫਾਰਮ ਦੇ ਮਾਲਕ ਜਾਂ ਇੰਚਾਰਜ ਨਾਲ ਗੱਲ ਕਰਨ ਲਈ ਕਹੇਗਾ, ਆਪਣਾ ਪਰਿਚੇ ਦੇਵੇਗਾ ਅਤੇ ਆਉਣ ਦਾ ਕਾਰਨ ਦੱਸੇਗਾ। ਉਹ ਨਿਰੀਖਣ ਦਾ ਇੱਕ ਲਿਖਤੀ ਨੋਟਿਸ ਵੀ ਜਾਰੀ ਕਰਨਗੇ, ਜਿਸ ਵਿੱਚ ਸਾਡੀ ਰੈਗੂਲੇਟਰੀ ਅਥਾਰਟੀ ਅਤੇ ਨਿਰੀਖਣ ਲਈ ਤੁਹਾਡੀ ਸਹਿਮਤੀ ਦਾ ਜ਼ਿਕਰ ਹੋਵੇਗਾ।

### ਨਿਰੀਖਣ ਸਹਾਇਤਾ ਟੀਮ



**Jerrid Higgins**
Wenatchee



**Thane Tupper**
Moses Lake



**Evan Low**
Lacey

AGR6-2503-112-pan (Rev. 2503)

## ਸ਼ੁਰੂਆਤੀ ਇੰਟਰਵਿਊ

ਨਿਰੀਖਕ ਸੰਖੇਪ ਵਿੱਚ ਨਿਰੀਖਣ ਦੇ ਦਾਇਰੇ ਬਾਰੇ ਅਤੇ ਕੀ ਉਮੀਦ ਕੀਤੀ ਜਾ ਸਕਦੀ ਹੈ, ਉਸ ਬਾਰੇ ਦੱਸੇਗਾ। ਨਿਰੀਖਣ ਹੋਣ ਵਿੱਚ ਕਿੰਨਾ ਸਮਾਂ ਲੱਗਦਾ ਹੈ, ਇਹ ਨਿਰੀਖਣ ਦੀ ਕਿਸਮ, ਫਾਰਮ ਦੀਆਂ ਗਤੀਵਿਧੀਆਂ, ਫਾਰਮ ਦੇ ਆਕਾਰ ਅਤੇ ਨਿਰੀਖਣ ਦੌਰਾਨ ਨੋਟ ਕੀਤੀਆਂ ਗੱਲਾਂ 'ਤੇ ਨਿਰਭਰ ਕਰਦਾ ਹੈ। ਨਿਰੀਖਕ ਪੁੱਛੇਗਾ ਕਿ ਉਸ ਦਿਨ ਫਸਲ ਦੀ ਬਿਜਾਈ, ਵਾਢੀ, ਪੈਕਿੰਗ ਅਤੇ ਹੋਲਡਿੰਗ ਵਿੱਚੋਂ ਕਿਹੜੇ ਕਾਰਜ ਹੋ ਰਹੇ ਹਨ।

## ਫਾਰਮ ਨਾਲ ਜਾਣ-ਪਛਾਣ

ਨਿਰੀਖਕ ਨੂੰ ਫਾਰਮ ਦੇ ਕਾਰਜ ਪ੍ਰਬੰਧ ਦਾ ਮੁਆਇਨਾ ਕਰਨ ਦੀ ਲੋੜ ਪਵੇਗੀ, ਪਰ ਉਹ ਖੇਤੀ ਕਰਨ ਦੇ ਤਰੀਕਿਆਂ ਜਾਂ ਕਾਰਜਾਂ ਬਾਰੇ ਵੀ ਪੁੱਛ ਸਕਦੇ ਹਨ ਜੋ ਉਹ ਆਪਣੀ ਜਾਂਚ ਦੌਰਾਨ ਨਹੀਂ ਦੇਖ ਸਕਦੇ ਹਨ। ਤੁਸੀਂ ਕਰਮਚਾਰੀਆਂ ਦੀ ਸਿਖਲਾਈ, ਸਿਹਤ ਅਤੇ ਸਫਾਈ ਦੇ ਅਭਿਆਸਾਂ, ਜਾਨਵਰਾਂ ਦੇ ਪ੍ਰਬੰਧਨ, ਫਸਲਾਂ ਦੀ ਸਿੰਚਾਈ, ਜਾਨਵਰਾਂ ਦੀ ਖਾਦ ਨਾਲ ਮਿੱਟੀ ਵਿੱਚ ਕੀਤੇ ਬਦਲਾਵ, ਅਤੇ ਸੰਦ ਅਤੇ ਉਪਕਰਣਾਂ ਬਾਰੇ ਸਵਾਲਾਂ ਦੀ ਉਮੀਦ ਕਰ ਸਕਦੇ ਹੋ। ਉਹ ਇਹ ਸਭ ਨੋਟ ਕਰਨਗੇ ਅਤੇ ਫਾਰਮ ਦੇ ਰਿਕਾਰਡਾਂ ਦੀ ਸਮੀਖਿਆ ਕਰਨਗੇ। ਨਿਰੀਖਣ ਦੌਰਾਨ, ਨਿਰੀਖਕ ਦੱਸਦਾ ਰਹੇਗਾ ਕਿ ਕੀ ਦੇਖਿਆ ਜਾ ਰਿਹਾ ਹੈ ਅਤੇ ਕਿਉਂ।

## ਸਮਾਪਤੀ ਇੰਟਰਵਿਊ

ਨਿਰੀਖਕ ਆਪਣੀ ਜਾਂਚ ਅਤੇ ਰੈਗੂਲੇਟਰੀ ਖੋਜਾਂ ਦੀ ਸਮੀਖਿਆ ਕਰੇਗਾ। ਨਿਰੀਖਕ ਤੁਹਾਡੇ ਫਾਰਮ ਵਿੱਚ ਰੋਕਥਾਮ ਵਾਲੇ ਉਪਜ ਸੁਰੱਖਿਆ ਅਭਿਆਸਾਂ ਅਤੇ ਸਥਿਤੀਆਂ ਦੀ ਵੀ ਪਛਾਣ ਕਰੇਗਾ ਜੋ ਨਿਯਮ ਦੇ ਨਾਲ ਮੇਲ ਖਾਂਦੀਆਂ ਹਨ।

ਜੇ ਤੁਸੀਂ ਨਿਰੀਖਣ ਦੌਰਾਨ ਪਛਾਣੀਆਂ ਗਈਆਂ ਉਲੰਘਣਾਵਾਂ ਨੂੰ ਠੀਕ ਕਰ ਦਿੰਦੇ ਹੋ, ਤਾਂ ਇਹ ਗੱਲ ਦਸਤਾਵੇਜ਼ਾਂ ਵਿੱਚ ਨੋਟ ਕੀਤੀ ਜਾਵੇਗੀ। ਜੇ ਨਿਰੀਖਣ ਦੌਰਾਨ ਉਲੰਘਣਾ ਨੂੰ ਸਹੀ ਨਹੀਂ ਕੀਤਾ ਜਾ ਸਕਦਾ, ਤਾਂ ਨਿਰੀਖਕ ਸੁਧਾਰਾਤਮਕ ਕਾਰਵਾਈਆਂ ਕਰਨ ਲਈ ਵਾਜਬ ਸਮੇਂ-ਸੀਮਾ ਤੈਅ ਕਰਨ ਅਤੇ ਭਵਿੱਖ ਵਿੱਚ ਇਹਨਾਂ ਉਲੰਘਣਾਵਾਂ ਨੂੰ ਹੋਣ ਤੋਂ ਰੋਕਣ ਲਈ ਤੁਹਾਡੇ ਨਾਲ ਕੰਮ ਕਰੇਗਾ।

ਅੰਤ ਵਿੱਚ, ਨਿਰੀਖਕ ਤੁਹਾਡੇ ਸਵਾਲਾਂ ਦਾ ਜਵਾਬ ਦੇਵੇਗਾ ਅਤੇ ਆਪਣੀ ਵਿਜ਼ਿਟ ਨੂੰ ਦਸਤਾਵੇਜ਼ੀ ਰੂਪ ਦੇਣ ਲਈ ਨਿਰੀਖਣ ਦੀ ਰਿਪੋਰਟ ਜਾਰੀ ਕਰੇਗਾ।

**ਉਪਜ ਦੇ ਨਿਰੀਖਣ ਸੰਬੰਧੀ ਸਵਾਲਾਂ ਲਈ, producesafety@agr.wa.gov ਜਾਂ (360) 902-1848 'ਤੇ ਸੰਪਰਕ ਕਰੋ।**

*ਇਹ ਪਰਕਾਸ਼ਨ U.S. Department of Health and Human Services (HHS, ਯੂਐਸ ਡਿਪਾਰਟਮੈਂਟ ਆਫ਼ ਹੈਲਥ ਅਤੇ ਹਿਊਮਨ ਸਰਵਿਸਿਜ) ਦੇ Food and Drug Administration (FDA) ਦੁਆਰਾ ਵਿੱਤੀ ਸਹਾਇਤਾ ਅਵਾਰਡ #1U2FFD007435, ਕੁੱਲ $1,354,500 ਕਾਰਨ ਸੰਭਵ ਹੋਇਆ ਹੈ, ਜਿਸਨੂੰ FDA/HHS ਨੇ 100% ਫੰਡ ਕੀਤਾ ਹੈ। ਇਸਦੀ ਸਮੱਗਰੀ ਪੂਰੀ ਤਰ੍ਹਾਂ ਲੇਖਕ(ਕਾਂ) ਦੀ ਹੈ ਅਤੇ ਜ਼ਰੂਰੀ ਨਹੀਂ ਹੈ ਕਿ ਇਹ FDA/HHS ਜਾਂ ਅਮਰੀਕਾ ਸਰਕਾਰ ਦੇ ਅਧਿਕਾਰਤ ਵਿਚਾਰਾਂ ਜਾਂ ਸਮਰਥਨ ਦੀ ਨੁਮਾਇੰਦਗੀ ਕਰਦੀ ਹੋਵੇ।*

## ਨਿਯਮਾਂ ਦੀ ਪਾਲਣਾ ਸੰਬੰਧੀ ਆਮ ਮੁੱਦੇ

- ਕਰਮਚਾਰੀ ਦੀ ਸਲਾਨਾ ਟਰੇਨਿੰਗ ਦੀ ਘਾਟ
- ਰਿਕਾਰਡ ਅਧੂਰੇ ਹਨ ਜਾਂ ਉਪਲਬਧ ਨਹੀਂ ਹਨ
- ਖੇਤ ਜਾਂ ਪੈਕਿੰਗ ਖੇਤਰ ਵਿੱਚ ਜਾਨਵਰ ਦੀ ਮੌਜੂਦਗੀ
- ਦੂਸ਼ਿਤ ਫਸਲ ਦੀ ਪਛਾਣ ਕਰਨ ਲਈ ਵਾਢੀ ਤੋਂ ਪਹਿਲਾਂ ਨਿਗਰਾਨੀ ਦੀ ਘਾਟ
- ਸਫਾਈ ਲਈ ਪੋਰਟੇਬਲ ਟਾਇਲਟ ਪਹੁੰਚ ਵਿੱਚ ਨਹੀਂ ਹੈ ਅਤੇ ਫਸਲ ਦੇ ਬਹੁਤ ਨੇੜੇ ਮੌਜੂਦ ਹੈ
- ਭੋਜਨ ਦੇ ਸੰਪਰਕ ਵਿੱਚ ਆਉਣ ਵਾਲੀਆਂ ਸਤਹਾਂ ਦੀ ਸਾਫ਼-ਸਫਾਈ ਅਤੇ ਉਹਨਾਂ ਨੂੰ ਰੋਗਾਣੂ-ਮੁਕਤ ਰੱਖਣ ਦੇ ਯਤਨਾਂ ਵਿੱਚ ਕਮੀ

## ਰਿਕਾਰਡ ਰੱਖਣ ਲਈ ਸੁਝਾਅ

- ਜ਼ਿਆਦਾਤਰ ਕਵਰ ਕੀਤੇ ਗਏ ਫਾਰਮਾਂ ਲਈ ਲੋੜੀਂਦੇ ਰਿਕਾਰਡ:
  - ਕਰਮਚਾਰੀ ਟਰੇਨਿੰਗ
  - ਸਾਫ਼-ਸਫਾਈ ਅਤੇ ਰੋਗਾਣੂ-ਮੁਕਤ ਰੱਖਣਾ
  - ਜੈਵਿਕ ਖਾਦ ਨਾਲ ਮਿੱਟੀ ਦਾ ਉਪਚਾਰ (ਜੇ ਲਾਗੂ ਹੁੰਦਾ ਹੈ)
- ਇਲੈਕਟ੍ਰਾਨਿਕ ਅਤੇ ਹੱਥ ਲਿਖਤ ਰਿਕਾਰਡ (ਪੱਕੀ ਸਿਆਹੀ ਦੀ ਵਰਤੋਂ ਕਰਕੇ) ਸਵੀਕਾਰ ਕੀਤੇ ਜਾਂਦੇ ਹਨ।
- ਰਿਕਾਰਡ ਸਹੀ ਅਤੇ ਪੜ੍ਹਨਯੋਗ ਹੋਣੇ ਚਾਹੀਦੇ ਹਨ।
- ਤੁਸੀਂ ਹੋਰ ਆਡਿਟਾਂ ਜਾਂ ਨਿਰੀਖਣਾਂ ਦੇ ਮੌਜੂਦਾ ਰਿਕਾਰਡਾਂ ਦੀ ਵਰਤੋਂ ਕਰ ਸਕਦੇ ਹੋ।
- ਜ਼ਿਆਦਾਤਰ ਆਮ ਰਿਕਾਰਡ (ਵਿਕਰੀ ਅਤੇ ਪਾਣੀ ਨਾਲ ਸੰਬੰਧਿਤ ਰਿਕਾਰਡਾਂ ਤੋਂ ਇਲਾਵਾ) ਦੋ ਸਾਲਾਂ ਲਈ ਸਾਂਭ ਕੇ ਰੱਖੇ ਜਾਣੇ ਚਾਹੀਦੇ ਹਨ।
- ਰਿਕਾਰਡਾਂ ਵਿੱਚ ਇਹ ਚੀਜ਼ਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ (ਜੋ ਵੀ ਲਾਗੂ ਹੁੰਦਾ ਹੈ):
  - ਫਾਰਮ ਦਾ ਨਾਮ ਅਤੇ ਸਥਾਨ
  - ਪ੍ਰਾਪਤ ਕੀਤੇ ਅਸਲ ਮੁੱਲ ਜਾਂ ਨਿਰੀਖਣ
  - ਫਸਲ ਦਾ ਵੇਰਵਾ
  - ਉਪਜ ਦੇ ਖੇਤਰ ਦਾ ਸਥਾਨ
  - ਗਤੀਵਿਧੀ ਦੀ ਮਿਤੀ ਅਤੇ ਸਮਾਂ
- ਰਿਕਾਰਡਾਂ ਉੱਤੇ ਗਤੀਵਿਧੀ ਕਰਨ ਵਾਲੇ ਵਿਅਕਤੀ ਦੇ ਦਸਤਖਤ ਹੋਣੇ ਚਾਹੀਦੇ ਹਨ।
- ਕੁਝ ਰਿਕਾਰਡਾਂ ਦੀ ਸਮੀਖਿਆ, ਉਹਨਾਂ ਉੱਤੇ ਦਸਤਖਤ ਅਤੇ ਉਹਨਾਂ ਉੱਤੇ ਮਿਤੀ ਪਾਉਣ ਦਾ ਕਾਰਜ ਸੁਪਰਵਾਈਜ਼ਰ ਜਾਂ ਜ਼ਿੰਮੇਵਾਰ ਧਿਰ ਦੁਆਰਾ ਕੀਤਾ ਜਾਣਾ ਚਾਹੀਦਾ ਹੈ।

ਨਿਰੀਖਣ ਦਸਤਾਵੇਜ਼ਾਂ ਅਤੇ ਰਿਕਾਰਡ ਰੱਖਣ ਦੇ ਸਰੋਤ ਲਈ agr.wa.gov/producesafety 'ਤੇ ਜਾਓ।